ਸਹਾਇਕ ਰਿਟਰਨਿੰਗ ਅਫਸਰ ,094 ਤਲਵੰਡੀ ਸਾਬੋ-ਕਮ- ਉਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ

# ਹੁਕਮ

ਲੋਕ ਸਭਾ ਚੋਣਾਂ 2024 ਮਿਤੀ 01.06.2024 ਨੂੰ ਹੋਣ ਜਾ ਰਹੀਆਂ ਹਨ । ਜੂਨ ਦਾ ਮਹੀਨਾ ਹੋਣ ਕਾਰਨ ਗਰਮੀ ਪੂਰੇ ਸਿਖਰਾਂ ਤੇ ਹੋਵੇਗੀ । ਇਸ ਲਈ ਲੋਕਾਂ ਨੂੰ ਹੀਟ ਵੇਵ ਕਾਰਨ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਰਾਹਤ ਦਿਵਾਉਣ ਲਈ ਬੂਥ ਪੱਧਰ ਤੇ ਹੇਠ ਲਿਖੇ ਅਨੁਸਾਰ ਹੀਟ ਵੇਵ ਕਮੇਟੀ ਗਠਿਤ ਕੀਤੀ ਜਾਂਦੀ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਹੇਠ ਲਿਖੇ ਅਨੁਸਾਰ ਆਪਣੀ ਡਿਊਟੀ ਨਿਭਾਉਣੀ ਯਕੀਨੀ ਬਣਾਈ ਜਾਵੇ -

(1) ਸਮੂਹ ਸੈਕਟਰ ਅਫਸਰ 094 ਤਲਵੰਡੀ ਸਾਬੋ - ਆਪਣੇ ਅਧੀਨ ਆਉਂਦੇ ਬੂਥਾਂ ਤੇ ਹੀਟ ਵੇਵ ਕਮੇਟੀ ਦੇ ਨੋਡਲ ਅਫਸਰ ਹੋਣਗੇ ।

(2) ਸਮੂਹ ਬੀ.ਐਲ.ਓਜ 094 ਤਲਵੰਡੀ ਸਾਬੋ - ਆਪਣੇ ਬੂਥ ਦੇ ਬਤੌਰ ਇੰਚਾਰਜ ਕੰਮ ਕਰਦੇ ਹੋਏ । ਬੂਥ ਉੱਪਰ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੀ ਹੀਟ ਵੇਵ ਸਬੰਧੀ ਡਿਊ ਟੀਆਂ ਦੀ ਸੁਪਰਵਿਜ਼ਨ ਕਰਨਗੇ-

| ਲੜੀ ਨੰ: | ਕਰਮਚਾਰੀ ਦਾ ਅਹੁੱਦਾ | ਡਿਊਟੀ |
|---|---|---|
| 1 | ਸਕੂਲ ਇੰਚਾਰਜ | ਆਪ ਆਪਣੇ ਸਕੂਲ ਦੇ ਪ੍ਰਿੰਸੀਪਲ/ਹੈਡ ਦਾ ਕਮਰਾ ਅਤੇ ਜਿਸ ਕਮਰੇ ਵਿੱਚ ਲੋਕਾਂ ਵਲੋਂ ਵੋਟਾਂ ਪਾਈਆਂ ਜਾਣੀਆਂ ਹਨ ਦੇ ਨਾਲ ਵਾਲਾ ਕਮਰਾ ਖੁੱਲਾ ਰੱਖਣਾ ਯਕੀਨੀ ਬਣਾਉਣਗੇ ਅਤੇ ਲੋੜੀਂਦਾ ਫਰਨੀਚਰ ਉਪਲਭਧ ਕਰਵਾਉਣਗੇ। ਮਿਡ ਡੇਅ ਮੀਲ ਵਰਕਰਜ਼ ਲਈ ਬਰਤਨ ਮੁਹੱਈਆ ਕਰਵਾਉਣਗੇ। |
| 2 | ਆਂਗਣਵਾੜੀ ਵਰਕਰ | ਪ੍ਰਿੰਸੀਪਲ ਵਾਲੇ ਕਮਰੇ ਵਿੱਚ ਵੋਟਰਾਂ ਨਾਲ ਆਉਣ ਵਾਲੇ ਬੱਚਿਆਂ ਦੀ ਦੇਖਭਾਲ ਕਰਨਗੇ |
| 3 | ਆਸ਼ਾ ਵਰਕਰ | ਮੈਡੀਕਲ ਟੀਮ ਦੇ ਤੌਰ ਤੇ ਕੰਮ ਕਰਨਗੇ ਅਤੇ ਮੈਡੀਕਲ ਕਿੱਟ ਨਾਲ ਲੈਕੇ ਆਉਣਗੇ |
| 4 | ਸਬੰਧਤ ਪਟਵਾਰੀ | ਦੁੱਧ ਵਾਲੇ ਠੰਡੇ ਸਰਬਤ ਦੀ ਛਬੀਲ ਲਗਵਾਉਣਗੇ , ਪੋਲਿੰਗ ਪਾਰਟੀ ਲਈ ਗੱਦੇ, ਮੰਜੇ ਬਿਸਤਰੇ ਆਦਿ ਦਾ ਪ੍ਰਬੰਧ ਕਰਨੇ ਯਕੀਨੀ ਬਣਾਉਣਗੇ। |
| 5 | ਪੰਚਾਇਤ ਸਕੱਤਰ | ਪੀਣ ਵਾਲੇ ਪਾਣੀ ਦਾ ਬੂਥਾਂ ਤੇ ਪ੍ਰਬੰਧ ਯਕੀਨੀ ਬਣਾਉਣਗੇ ,ਇਸ ਲਈ ਪਾਣੀ ਵਾਲੀ ਟੈਂਕੀ ਦਾ ਪ੍ਰਬੰਧ ਕਰਨਗੇ , ਪੋਲਿੰਗ ਬੂਥ ਤੇ ਟੈਂਟ , ਕੂਲਰ , ਅਤੇ ਪੱਖਿਆਂ ਆਦਿ ਦਾ ਪ੍ਰਬੰਧ ਕਰਨਗੇ। ਵੀਲ ਚੇਅਰ ਦਾ ਪ੍ਰਬੰਧ ਪੋਲਿੰਗ ਲੋਕੇਸ਼ਨ ਤੇ ਕਰਨਾ ਯਕੀਨੀ ਬਣਾਉਗੇ। |
| 6 | ਕਾਰਜ ਸਾਧਕ ਅਫਸਰ ਤਲਵੰਡੀ ਸਾਬੋ | ਤਲਵੰਡੀ ਸਾਬੋ ਦੇ ਸ਼ਹਿਰੀ ਬੂਥਾਂ ਤੇ ਦੁੱਧ ਵਾਲੇ ਠੰਡੇ ਸਰਬਤ ਦੀ ਛਬੀਲ ਲਗਵਾਉਣਗੇ , ਪੋਲਿੰਗ ਪਾਰਟੀ ਲਈ ਗੱਦੇ ਆਦਿ ਦਾ ਪ੍ਰਬੰਧ ਕਰਨੇ ਯਕੀਨੀ ਬਣਾਉਣਗੇ। ਪੀਣ ਵਾਲੇ ਪਾਣੀ ਦਾ ਬੂਥਾਂ ਤੇ ਪ੍ਰਬੰਧ ਯਕੀਨੀ ਬਣਾਉਣਗੇ ,ਇਸ ਲਈ ਪਾਣੀ ਵਾਲੀ ਟੈਂਕੀ ਦਾ ਪ੍ਰਬੰਧ ਕਰਨਗੇ , ਪੋਲਿੰਗ ਬੂਥ ਤੇ ਟੈਂਟ , ਕੂਲਰ , ਅਤੇ ਪੱਖਿਆਂ ਆਦਿ ਦਾ ਪ੍ਰਬੰਧ ਕਰਨਗੇ। |
| 7 | ਕਾਰਜ ਸਾਧਕ ਅਫਸਰ ਰਾਮਾ | ਰਾਮਾਂ ਦੇ ਸ਼ਹਿਰੀ ਬੂਥਾਂ ਤੇ ਦੁੱਧ ਵਾਲੇ ਠੰਡੇ ਸਰਬਤ ਦੀ ਛਬੀਲ ਲਗਵਾਉਣਗੇ , ਪੋਲਿੰਗ ਪਾਰਟੀ ਲਈ ਗੱਦੇ ਆਦਿ ਦਾ ਪ੍ਰਬੰਧ ਕਰਨੇ ਯਕੀਨੀ ਬਣਾਉਣਗੇ। ਪੀਣ ਵਾਲੇ ਪਾਣੀ ਦਾ ਬੂਥਾਂ ਤੇ ਪ੍ਰਬੰਧ ਯਕੀਨੀ ਬਣਾਉਣਗੇ ,ਇਸ ਲਈ ਪਾਣੀ ਵਾਲੀ ਟੈਂਕੀ ਦਾ ਪ੍ਰਬੰਧ ਕਰਨਗੇ , ਪੋਲਿੰਗ ਬੂਥ ਤੇ ਟੈਂਟ , ਕੂਲਰ , ਅਤੇ ਪੱਖਿਆਂ ਆਦਿ ਦਾ ਪ੍ਰਬੰਧ ਕਰਨਗੇ। |
| 8 | ਐਸ.ਐਮ.ਓ ਰਾਮਾ | ਲੋੜ ਅਨੁਸਾਰ ਰਾਮਾਂ ਦੀ ਸਹਿਰੀ ਬੂਥਾਂ ਦੀ ਪੋਲਿੰਗ ਲੋਕੇਸ਼ਨਾਂ ਤੇ ਵੀਲ ਚੇਅਰ ਦਾ ਪ੍ਰਬੰਧ ਕਰਨਗੇ । |
| 9 | ਐਸ.ਐਮ.ਓ ਤਲਵੰਡੀ ਸਾਬੋ | ਲੋੜ ਅਨੁਸਾਰ ਤਲਵੰਡੀ ਸਾਬੋ ਦੀ ਸਹਿਰੀ ਬੂਥਾਂ ਦੀ ਪੋਲਿੰਗ ਲੋਕੇਸ਼ਨਾਂ ਤੇ ਵੀਲ ਚੇਅਰ ਦਾ ਪ੍ਰਬੰਧ ਕਰਨਗੇ । |

ਸਹਾਇਕ ਰਿਟਰਨਿੰਗ ਅਫਸਰ 094 ਤਲਵੰਡੀ ਸਾਬੋ
-ਕਮ-ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

ਪਿੱਠ ਅੰਕਣ ਨੰ: 6614-6684ਚੋਣ ਮਿਤੀ-29.05.2024

1) ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਪਾਸ ਸੂਚਨਾ ਹਿੱਤ।
2) ਤਹਿਸੀਲਦਾਰ ਤਲਵੰਡੀ ਸਾਬੋ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ।
3) ਬੀ.ਡੀ.ਪੀ.ਓ ਤਲਵੰਡੀ ਸਾਬੋ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ।
4) ਸਬੰਧਤ ਕਰਮਚਾਰੀ/ਅਧਿਕਾਰੀ/ਦਫਤਰ ....................................ਪਾਸ ਸੂਚਨਾ/ਪਾਲਣਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਰਿਟਰਨਿੰਗ ਅਫਸਰ 094 ਤਲਵੰਡੀ ਸਾਬੋ
-ਕਮ-ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।

Scanned with OKEN Scanner

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/4 ( )2024/ 6023 ਮਿਤੀ: 30/05/2024

ਉਕਤ ਦਾ ਉਤਾਰਾ ਸਮੂਹ ਸਕਲੂ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

30/5/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।